# ਮੈਂ ਧਰਮ ਤੋ ਉਪਰ ਮਨੰਦਾ

ਮੈਂ ਧਰਮ ਤੋ ਉਪਰ ਮਨੰਦਾ
ਮਨੰਦਾ ਹਾਂ ਇਨਸਾਨ ਨੂੰ
ਐਨੇਂ ਕਿਓਂ ਧਰਮ ਬਣਾਏ
ਪੁਛਦਾ ਹਾਂ ਭਗਵਾਨ ਨੂੰ ?

ਈਸਾ ਇਕ ਸੂਲੀ ਉੱਤੇ
ਚੜ੍ਹਿਆ ਸੀ ਸੁਣਦੇ ਹਾਂ
ਹੁਣ ਫਾਂਸੀ ਲੇਂਦਾ ਵੇਖਾਂ ਮੈਂ
ਹਰ ਰੋਜ਼ ਕਿਸਾਨ ਨੂੰ

ਬੇਕਸੂਰੇ ਬੰਦੇ
ਦੂਜੇ ਦੇਸ਼ ਚ ਮਾਰਦੇ ਨੇ
ਪਰ ਜਸਟੀਫਾਈ ਕਰਦੇ ਨੇ
ਪੜ੍ਹ ਕੇ ਕੁਰਾਨ ਨੂੰ

ਸੰਨ ਚੁਰਾਸੀ ਵਿਚ ਬੇਦੋਸ਼ੇ
ਸਿਖ ਮਾਰਤੇ ਸੀ
ਪਰ ਭੋਰਾ ਸ਼ਰਮ ਨਾਂ ਆਈ
ਓਦੋਂ ਦੇ ਸੁਲਤਾਨ ਨੂੰ

ਗੁਰੂ ਸਾਹਬ ਦੀ ਬੇਅਦਬੀ
ਜੋ ਕਰਦੇ ਨੇ ਬੰਦੇ
ਕਰਦੇ ਨੇ ਸ਼ਰਮਿੰਦਾ
ਮੇਰੇ ਹਿੰਦੁਸਤਾਨ ਨੂੰ

ਏਕ ਨੂਰ ਸੇ ਸਭ ਜਗ ਉਪਜੈ
ਗੁਰੂਆਂ ਨੇ ਫਰਮਾਇਆ
ਓੁਚੀ ਸਿਖਿਆ ਦਿੱਤੀ
ਗੁਰੂਆਂ ਨੇ ਇਨਸਾਨ ਨੂੰ

ਮੈਂ ਧਰਮ ਤੋ ਉਪਰ ਮਨੰਦਾ
ਮਨੰਦਾ ਹਾਂ ਇਨਸਾਨ ਨੂੰ
ਐਨੇਂ ਕਿਓਂ ਧਰਮ ਬਣਾਏ
ਪੁਛਦਾ ਹਾਂ ਭਗਵਾਨ ਨੂੰ ?